# Guru Nanak Dev University, Amritsar

(Established by the State Legislature Act No.21 of 1969)
Accredited with CGPA of 3.85 on four point scale at "A++" grade (highest level) by NAAC and conferred "University with Potential for Excellence" status by UGC
**(Registration Branch )**

**Ph : 0183-282-3017/18**

ਨੰ. 1625 /ਰਜਿ
ਮਿਤੀ 20/9/23

ਯੂਨੀਵਰਸਿਟੀ ਨਾਲ ਸਬੰਧਤ ਸਮੂਹ
ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ।

ਵਿਸ਼ਾ:- ਯੂਨੀਵਰਸਿਟੀ ਨਾਲ ਸਬੰਧਤ ਐਜੂਕੇਸ਼ਨ ਕਾਲਜਾਂ ਲਈ ਵਿਦਿਅਕ ਸਾਲ 2023-24 ਲਈ ਬੀ.ਐੱਡ. ਸਿਮੈਸਟਰ ਪਹਿਲਾ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ **Revised** ਦਾਖਲਾ ਸ਼ਡਿਊਲ।

ਸ਼੍ਰੀਮਾਨ ਜੀ/ਮੈਡਮ,

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਮੈਸਟਰ ਸਿਸਟਮ ਅਧੀਨ ਯੂਨੀਵਰਸਿਟੀ ਨਾਲ ਸਬੰਧਤ ਐਜੂਕੇਸ਼ਨ ਕਾਲਜਾਂ ਵਿਚ B.Ed. **Semester-I** ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ ਸ਼ੈਸ਼ਨ 2023-24 ਦਾ **Revised** ਦਾਖਲਾ ਸ਼ਡਿਊਲ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਗਿਆ ਹੈ :-

| ਲੜੀ ਨੰ: | ਦਾਖਲੇ ਦੀਆਂ ਮਿਤੀਆਂ | | ਯੂਨੀਵਰਸਿਟੀ ਪੋਰਟਲ ਤੇ ਰਿਟਰਨਾਂ/ਫੀਸਾਂ ਜਮਾਂ ਕਰਵਾਉਣ ਦੀਆਂ ਮਿਤੀਆਂ |
|---|---|---|---|
| 1. | Normal dates of Admission | 25-09-2023 ਤੱਕ | 23-10-2023 |
| 2. | With the late fee of Rs.200/- (With the approval of DAA) | 26-09-2023 ਤੋਂ 03-10-2023 ਤੱਕ | 23-10-2023 |
| 3. | With the late fee of Rs.1000/- (With the approval of Vice Chancellor) | 04-10-2023 ਤੋਂ 09-10-2023 ਤੱਕ | 23-10-2023 |
| 4. | With the late fee of Rs.5000/- (With the approval of Vice Chancellor) | 10-10-2023 ਤੋਂ 16-10-2023 ਤੱਕ | 23-10-2023 |
| 5. | ਉਪਰੋਕਤ ਲੜੀ ਨੰ.(1) ਤੋਂ (4) ਤੱਕ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਲੰਘ ਜਾਣ ਉਪਰੰਤ ਵਿਦਿਆਰਥੀਆਂ ਕੋਲੋਂ 5000/- ਰੁਪਏ ਲੇਟ ਫੀਸ + 1000 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਵੱਧ ਤੋਂ ਵੱਧ 30,000/- ਰੁਪਏ ਉਸੇ ਸਿਮੈਸਟਰ ਦੀਆਂ ਪ੍ਰੀਖਿਆਵਾਂ ਸ਼ੁਰੂ ਹੋਣ ਦੀ ਮਿਤੀ ਤੋਂ 20 ਦਿਨ ਪਹਿਲਾਂ ਤੱਕ ਬਣਦੇ ਜੁਰਮਾਨੇ ਨਾਲ ਦਾਖਲਾ ਫੀਸ ਲਈ ਜਾਵੇਗੀ ਅਤੇ ਅਜਿਹੇ ਕੇਸਾਂ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਆਪਣੇ ਪ੍ਰੀਖਿਆ ਫਾਰਮ ਜਮਾਂ ਕਰਨ ਅਤੇ ਹੋਰ ਸਬੰਧਤ ਲੋੜੀਂਦੀਆਂ formalities ਪੂਰੀਆਂ ਕਰਨੀਆਂ ਜਰੂਰੀ ਹੋਣਗੀਆਂ। | | |

ਇਸ ਲਈ ਸਮੂਹ ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਬੇਨਤੀ ਹੈ ਕਿ ਆਪਣੇ-ਆਪਣੇ ਵਿਭਾਗਾਂ/ਕਾਲਜਾਂ ਵਿੱਚ ਦਾਖਲ ਕੀਤੇ ਜਾਣ ਵਾਲੇ ਵਿਦਿਆਰਥੀਆਂ ਦਾ ਦਾਖਲਾ/ਰਿਟਰਨ/ਆਨਲਾਈਨ ਪ੍ਰੀਖਿਆ ਫਾਰਮ ਅਤੇ ਫੀਸਾਂ ਆਦਿ ਸਬੰਧਤ ਲੋੜੀਂਦੀ ਕਾਰਵਾਈ ਇਸ ਪ੍ਰਵਾਨ ਹੋਏ ਸ਼ਡਿਊਲ ਮੁਤਾਬਕ ਹੀ ਕੀਤੀ ਜਾਵੇ।

Sueh
ਸਹਾਇਕ ਰਜਿਸਟਰਾਰ (ਰਜਿਸਟ੍ਰੇਸ਼ਨ)

ਚਲਦਾ ਪੰਨਾ-2.....

ਨੋਟ:- ਸਾਰੇ ਸਬੰਧਤ ਕਾਲਜ/ਸੰਸਥਾਵਾਂ ਯੂਨੀਵਰਸਿਟੀ ਨਿਯਮਾਂ ਅਨੁਸਾਰ, ਯੋਗ ਵਿਦਿਆਰਥੀਆਂ ਨੂੰ ਹੀ ਦਾਖਲ ਕਰਨ ਅਤੇ ਜੇਕਰ ਕੋਈ ਕਾਲਜ/ਵਿਭਾਗ/ਸੰਸਥਾ ਕਿਸੇ ਅਯੋਗ ਵਿਦਿਆਰਥੀ(ਆਂ) ਨੂੰ ਦਾਖਲ ਕਰਦੇ ਹਨ ਤਾਂ ਇਸ ਦੀ ਜ਼ਿੰਮੇਵਾਰੀ ਸਬੰਧਤ ਕਾਲਜ/ਵਿਭਾਗ/ਸੰਸਥਾ ਦੀ ਹੋਵੇਗੀ। ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਅਯੋਗ ਵਿਦਿਆਰਥੀ ਦਾ ਦਾਖਲਾ ਯੂਨੀਵਰਸਿਟੀ ਵਲੋਂ ਰੱਦ ਹੋਣ ਕਾਰਨ ਕਿਸੇ ਤਰ੍ਹਾਂ ਦੇ ਕੋਰਟ ਕੇਸ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸ ਦੇ ਖਰਚੇ ਦੀ ਭਰਪਾਈ ਸਬੰਧਤ ਕਾਲਜ/ਵਿਭਾਗ/ਸੰਸਥਾ ਤੋਂ ਕੀਤੀ ਜਾਵੇਗੀ ਅਤੇ ਯੂਨੀਵਰਸਿਟੀ ਵਲੋਂ ਸਬੰਧਤ ਕਾਲਜ ਨੂੰ ਜੁਰਮਾਨਾ ਵੀ ਕੀਤਾ ਜਾਵੇਗਾ।

ਪਿੱਠ ਅੰਕਣ ਨੰਬਰ 1625-1642 ਮਿਤੀ 20/9/23

ਇਸ ਪੱਤਰ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :

1. ਡੀਨ, ਕਾਲਜ ਵਿਕਾਸ ਕੌਂਸਲ
2. ਉਪ-ਰਜਿਸਟਰਾਰ(Finance)
3. ਸਿਸਟਮ ਐਡਮਨਿਸਟ੍ਰੇਟਰ (ਕੰਪਿਊਟਰ ਸੈਕਸ਼ਨ(ਪ੍ਰੀਖਿਆਵਾਂ))
4. ਸਿਸਟਮ ਐਡਮਨਿਸਟ੍ਰੇਟਰ (ਲੇਖਾ ਸ਼ਾਖਾ)
5. ਪ੍ਰੋਫੈਸਰ ਇੰਚਾਰਜ, ਲੋਕ ਸੰਪਰਕ ਵਿਭਾਗ
6. ਡਿਪਟੀ ਕੰਟਰੋਲਰ (ਲੋਕਲ ਆਡਿਟ)
7. ਸਕੱਤਰ, ਉਪ-ਕੁਲਪਤੀ ਜੀ
8. ਨਿੱਜੀ ਸਹਾਇਕ, ਡੀਨ ਵਿਦਿਅਕ ਮਾਮਲੇ
9. ਨਿੱਜੀ ਸਹਾਇਕ, ਰਜਿਸਟਰਾਰ
10. ਨਿੱਜੀ ਸਹਾਇਕ, ਡੀਨ ਵਿਦਿਆਰਥੀ ਭਲਾਈ
11. ਨਿੱਜੀ ਸਹਾਇਕ, ਡੀਨ ਕਾਲਜ ਵਿਕਾਸ ਕੌਂਸਲ
12. ਨਿੱਜੀ ਸਹਾਇਕ, ਡੀਨ ਐਜੂਕੇਸ਼ਨ ਵਿਭਾਗ
13. ਨਿੱਜੀ ਸਹਾਇਕ, ਡਾਇਰੈਕਟਰ ਰਿਸਰਚ
14. ਨਿੱਜੀ ਸਹਾਇਕ, ਡਾਇਰੈਕਟਰ, ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ
15. ਨਿੱਜੀ ਸਹਾਇਕ, ਪ੍ਰੋਫੈਸਰ ਇੰਚਾਰਜ (ਪ੍ਰੀਖਿਆਵਾਂ)
16. ਨਿਗਰਾਨ (ਕਾਰਜ ਸੰਚਾਲਨ ਸ਼ਾਖਾ)

Sueh
ਸਹਾਇਕ ਰਜਿਸਟਰਾਰ (ਰਜਿਸਟ੍ਰੇਸ਼ਨ)
ਵਾਸਤੇ ਰਜਿਸਟਰਾਰ